**ਆਨ ਲਾਈਨ ਦਾਖਲਾ 2021 ਲਈ ਜਰੂਰੀ (ਵਿਸਥਾਰ ਪੂਰਵਕ) ਹਦਾਇਤਾਂ**

| | |
|---|---|
| 1. | COVID-19 ਦੇ ਦੁਸ਼-ਪ੍ਰਭਾਵ ਤੋਂ ਬਚਾਓ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਜਾਰੀ ਹਦਾਇਤਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਅਤੇ ਪਾਲਣਾ ਕੀਤੀ ਜਾਵੇ। |
| 2. | ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ ਉਪਰੋਕਤ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਨੂੰ ਅਪਲਾਈ/ ਰਜਿਸ਼ਟਰੇਸ਼ਨ ਕੀਤੀ ਜਾ ਸਕਦੀ ਹੈ, ਉਪਰੰਤ ਕੋਈ ਰਜਿਸ਼ਟਰੇਸ਼ਨ ਨਹੀਂ ਹੋਵੇਗੀ। ਹਰ ਉਮੀਦਵਾਰਾਂ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਲਈ ਕੇਵਲ ਇਕ ਵਾਰੀ ਇਕੋ ਹੀ ਰਜਿਸ਼ਟਰੇਸ਼ਨ ਆਈ. ਡੀ. ਤਿਆਰ ਕੀਤੀ ਜਾਵੇ। ਪਹਿਲੇ ਰਾਉਂਡ ਦੋਰਾਨ ਸੀਟ ਨਾ ਮਿਲਣ ਦੀ ਸੂਰਤ ਵਿਚ ਉਸੇ ਆਈ.ਡੀ. ਦੀ ਵਰਤੋਂ ਕਰਦੇ ਹੋਏ ਅਗਲੇ ਰਾਉਂਡ ਦੋਰਾਨ ਮੁੜ ਤੋਂ ਕੇਵਲ ਆਪਣੀ choice filling ਕੀਤੀ ਜਾਵੇ। |
| 3. | ਨਵੇਂ ਕੈਂਡੀਡੇਟਸ ਦਾਖਲੇ ਲਈ ਅਪਲਾਈ ਕਰਨ ਹਿਤ ਸੰਸਥਾਵਾਂ ਵਿਖੇ ਪਹੁੰਚ ਕਰਨਗੇ, ਉਨਾਂ ਦੀ ਹੈਲਪ ਡੈਸਕਾਂ ਰਾਂਹੀਂ ਆਨ ਲਾਈਨ ਪੋਰਟਲ ਉਪਰ ਰਜਿਸ਼ਟਰੇਸ਼ਨ ਕੀਤੀ ਜਾਵੇਗੀ। ਰਜਿਸ਼ਟਰੇਸ਼ਨ ਹਿਤ ਕੈਂਡੀਡੇਟਸ ਦੀ, ਸੰਸਥਾ ਦੇ ਮੇਨ ਗੇਟ ਤੇ ਯੋਗਤਾਵਾਂ ਅਤੇ ਲੋੜੀਂਦੇ ਦਸਤਾਵੇਜ ਚੈਕ ਕੀਤੇ ਜਾਣ। ਕੈਂਡੀਡੇਟਸ ਪਾਸ ਦਸਤਾਵੇਜ ਹੋਣ ਤੇ ਹੀ ਕੈਂਡੀਡੇਟਸ ਨੂੰ ਗੇਟ ਅੰਦਰ ਐਂਟਰ ਕਰਵਾਇਆ ਜਾਵੇ। ਕੋਵਿਡ-19 ਦੀਆਂ ਹਦਾਇਤਾਂ ਅਨੁਸਾਰ ਐਂਟਰੀ ਗੇਟ ਤੇ ਹੀ ਕੈਂਡੀਡੇਟਸ ਦੇ ਹੱਥ ਸੈਨੇਟਾਈਜ ਕਰਵਾਏ ਜਾਣ ਜਾਂ ਸਾਬਣ ਆਦਿ ਨਾਲ ਧੁਲਵਾਏ ਜਾਣ। ਹਰ ਇਕ ਲਈ ਲਾਜ਼ਮੀ ਹੈ ਕਿ ਮਾਸਕ ਪਾਏ ਜਾਣ। ਜਿਸ ਨਾਲ ਮੂੰਹ ਤੇ ਨੱਕ ਢੱਕੇ ਰਹਿਣ। ਸੋਸ਼ਲ ਡਿਸਟੈਂਸਿੰਗ ਰੱਖੀ ਜਾਵੇ ਅਤੇ ਸਮਾਜਿਕ ਸੁਰੱਖਿਆ ਕਾਇਮ ਰੱਖੀ ਜਾਵੇ। ਕੋਵਿਡ-19 ਦੀਆਂ ਹੋਰ ਹਦਾਇਤਾਂ ਦੀ ਵੀ ਪਾਲਣਾ ਲਾਜ਼ਮੀ ਤੌਰ ਤੇ ਕੀਤੀ ਜਾਵੇ। ਉਪਰੰਤ ਕੈਂਡੀਡੇਟਸ ਦੀ ਹਾਜਰੀ ਲਗਵਾਈ ਜਾਵੇ। ਕੈਂਡੀਡੇਟਸ ਵਲੋਂ ਆਪਣਾ ਨਾਮ, ਪਿਤਾ ਦਾ ਨਾਮ, ਮੋਬਾਈਲ ਨੰਬਰ ਅਤੇ ਹਸਤਾਖਰ ਕਰਵਾਏ ਜਾਣ। |
| 4. | Fee applicable at Govt. ITI's shall be charged for 5% (five percentage) seats in the private unaided ITI's/ ITC's from the poor students whose family income is less than 2 lac per annum. |
| 5. | ਉਮੀਦਵਾਰਾਂ ਵਲੋਂ ਆਨ ਦਾਖਲੇ ਲਈ ਰਜਿਸ਼ਟਰੇਸ਼ਨ ਉਪਰੰਤ, ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਨੂੰ ਡਾਕੂਮੈਂਟਸ/ ਦਸਤਾਵੇਜ ਵੈਰੀਫਾਈ ਕਰਵਾਉਣ ਲਈ ਆਨ ਲਾਈਨ ਦਾਖਲਾ ਪੋਰਟਲ ਦੁਆਰਾ ਪ੍ਰੋਸੈਸਿੰਗ ਫੀਸ 100/- ਰੁਪਏ ਜਮਾਂ ਕਰਵਾਈ ਜਾਵੇ। |
| 6. | Designated Institutes ਦੀ ਲਿਸ਼ਟ ਵੈਬਸਾਈਟ www.itipunjab.nic.in ਉਪਰ ਅਤੇ ਦਾਖਲਾ ਪ੍ਰਾਸਪੈਕਟਸ ਵਿਚ ਉਪਲਬੱਧ ਹੈ। ਉਮੀਦਵਾਰਾਂ ਦੀ ਸੁਵਿਧਾ ਲਈ Designated Institute ਵਲੋਂ ਸਰਟੀਫਿਕੇਟ ਆਨ ਲਾਈਨ |

| | |
|---|---|
| | ਵੈਰੀਫਾਈ ਕੀਤੇ ਜਾਣਗੇ। ਡੈਜੀਗਨੇਟਿਡ ਸੰਸਥਾਵਾਂ ਵਲੋਂ ਡਾਕੂਮੈਂਟ ਵੈਰੀਫਾਈ ਕਰਨ ਸਮੇਂ ਅਣਗਿਹਲੀ ਨਾ ਵਰਤੀ ਜਾਵੇ। ਡਾਕੂਮੈਂਟ ਵੈਰੀਫਿਕੇਸ਼ਨ ਗਲਤ ਪਾਏ ਜਾਣ ਤੇ ਸਬੰਧਤਾਂ ਵਿਰੁੱਧ ਪ੍ਰਸਾਸ਼ਕੀ ਕਾਰਵਾਈ ਆਰੰਭੀ ਜਾਵੇਗੀ। |
| 7. | ਡੈਜੀਗਨੇਟਿਡ ਸੰਸਥਾਵਾਂ ਵਲੋਂ ਦਾਖਲੇ ਵਾਲੇ ਦਿਨ, ਦਾਖਲੇ ਸਮੇਂ ਰਜਿਸ਼ਟਰਡ ਕੈਂਡੀਡੇਟਸ ਦੇ ਪ੍ਰੋਸੈਸਿੰਗ ਫੀਸ ਦੀ ਰਸੀਦ, ਦਸਤਾਵੇਜ ਚੈਕ ਕਰਦੇ ਹੋਏ ਡਾਕੂਮੈਂਟ ਵੈਰੀਫਾਈ ਕੀਤੇ ਜਾਣ। ਨਵੇਂ ਕੈਂਡੀਡੇਟਸ ਦੀ ਰਜਿਸ਼ਟਰੇਸ਼ਨ ਕੀਤੀ ਜਾਵੇ। ਦਸਤਾਵੇਜਾਂ ਦੇ ਆਧਾਰ ਤੇ ਹੈਲਪ ਡੈਸਕਾਂ ਰਾਂਹੀਂ ਡਾਕੂਮੈਂਟਸ ਦੀ ਵੈਰੀਫਿਕੇਸ਼ਨ ਕੀਤੀ ਜਾਵੇ। ਉਪਰੰਤ ਨਿਰਧਾਰਤ ਸ਼ਡਿਉਲ ਅਨੁਸਾਰ ਚੁਆਇਸ ਫਿਲ ਕਰਵਾਈ ਜਾਵੇ। |
| 8. | ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ ਆਨ ਲਾਈਨ ਦਾਖਲਾ ਪ੍ਰਾਸਪੈਕਟਸ ਵਿਚ ਦਰਸਾਈਆਂ ਗਈਆਂ ਹਨ ਜੋ ਕਿ ਵੈਬਸਾਈਟ www.itipunjab.nic.in ਤੇ ਉਪਲਬੱਧ ਹੈ। |
| 9. | ਵੱਖ-ਵੱਖ ਕੋਰਸਾਂ ਦੇ ਦਾਖਲੇ ਲਈ ਉਮੀਦਵਾਰਾਂ ਦੀ ਉਮਰ ਹੇਠ ਅਨੁਸਾਰ ਹੈ:-<br>1. ਕਰਾਫਟਸਮੈਨ ਸਕੀਮ ਟਰੇਡਾਂ ਲਈ ਉਮੀਦਵਾਰ ਸ਼ਰੀਰਕ ਤੌਰ ਤੇ ਫਿੱਟ ਹੋਣ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 14 ਸਾਲ ਹੋਵੇ। ਭਾਰਤ ਸਰਕਾਰ ਦੇ ਪੱਤਰ ਨੰ: D.G.E.&T,-19/(15)/2010 CD ਮਿਤੀ 20-09-2010 ਦੇ ਫੈਸਲੇ ਅਨੁਸਾਰ ਦਾਖਲੇ ਲਈ ਉਪਰਲੀ ਉਮਰ ਦੀ ਹੱਦ ਖਤਮ ਕਰ ਦਿੱਤੀ ਹੈ।<br>2. ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਵੇ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 15 ਸਾਲ ਹੋਵੇ।<br>3. ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਵੇ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 16 ਸਾਲ ਹੋਵੇ। |
| 10. | ਦਾਖਲੇ ਵਿਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤੇ ਸਰਟੀਫਿਕੇਟ ਦੀ ਕਾਪੀ ਅਪਲੋਡ ਕੀਤੀ ਜਾਵੇ। ਅਜਿਹਾ ਸਬੂਤ ਉਪਰੋਕਤ ਦਾਖਲਾ ਸ਼ਡਿਉਲ ਵਿਚ ਦਰਸਾਈਆਂ ਮਿਤੀਆਂ ਨੂੰ ਪੋਰਟਲ ਉਪਰ ਅਪਲੋਡ ਨਾ ਕੀਤੇ ਜਾਣ ਦੀ ਸੂਰਤ ਵਿਚ ਉਸ ਨੂੰ ਜਨਰਲ ਕੈਟਾਗਰੀ ਵਜੋਂ ਵਿਚਾਰਿਆ ਜਾਵੇਗਾ। |
| 11. | ਆਪਣੇ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਲਈ ਕੰਨਫਰਮੇਸ਼ਨ ਸਟੇਟਸ ਚੈਕ ਕਰਕੇ ਦਾਖਲਾ ਸ਼ਡਿਉਲ ਦੀਆਂ ਮਿਤੀਆਂ ਨੂੰ ਆਪਣੀ ਟਰੇਡ ਅਤੇ ਸੰਸਥਾ ਲਈ ਚੁਆਇਸ ਭਰੀ ਜਾਵੇ। |
| 12. | ਦਾਖਲਾ ਸ਼ਡਿਉਲ ਵਿਚ ਦਰਸਾਈਆਂ ਮਿਤੀਆਂ ਨੂੰ ਸੀਟ ਅਲਾਟਮੈਂਟ ਦਾ ਰਿਜਲਟ ਚੈਕ ਕੀਤਾ ਜਾਵੇ। COVID-19 ਕਾਰਨ ਸੀਟ ਅਲਾਟਮੈਂਟ ਦੇ ਰਿਜਲਟ ਅਨੁਸਾਰ ਅਲਾਟਿਡ ਸੰਸਥਾ ਵਿਖੇ reporting ਆਨ ਲਾਈਨ ਪ੍ਰੋਸੈਸ ਰਾਂਹੀਂ ਹੋਵੇਗੀ। ਇਸ ਸਬੰਧੀ ਹੋਰ ਵੇਰਵਾ ਵੈਬਸਾਈਟ www.itipunjab.nic.in ਤੇ ਵੇਖਿਆ ਜਾਵੇ। |

| | |
|---|---|
| 13. | ਹਰ ਸਿਲੈਕਟਿਡ ਕੈਂਡੀਡੇਟ ਨੂੰ ਆਨ ਲਾਈਨ ਪੋਰਟਲ ਤੇ ਉਸ ਦੀ ਸੀਟ ਪੋਰਟਲ ਤੇ ਕੰਫਰਮ ਕੀਤੀ ਜਾਵੇ। ਸੀਟ ਅਲਾਟਮੈਂਟ ਦਾ ਪ੍ਰਿੰਟ ਲਿਆ ਜਾਵੇ। ਇਸ ਪ੍ਰਿੰਟ ਉਪਰ ਕੈਂਡੀਡੇਟਸ ਦੇ ਹਸਤਾਖਰ ਕਰਵਾ ਕੇ ਇਕ ਕਾਪੀ ਸੰਸਥਾ ਦੇ ਰਿਕਾਰਡ ਲਈ ਰੱਖੀ ਜਾਵੇ ਅਤੇ ਇਕ ਕਾਪੀ ਕੈਂਡੀਡੇਟਸ ਨੂੰ ਦੇ ਦਿੱਤੀ ਜਾਵੇ। |
| 14. | ਜਰੂਰਤ ਅਨੁਸਾਰ ਜੇਕਰ ਸਪਾਟ ਰਾਉਂਡ ਦੇ ਦਾਖਲਾ ਸ਼ਡਿਊਲ ਦਾ ਉਪਬੰਧ ਕੀਤਾ ਜਾਂਦਾ ਹੈ ਤਾਂ ਸਪਾਟ ਰਾਉਂਡ ਦੋਰਾਨ ਸਿੱਧੇ ਦਾਖਲੇ ਸਮੇਂ ਕੈਂਡੀਡੇਟਸ ਦੀ ਚੁਆਇਸ ਅਨੁਸਾਰ (ਸੈਸ਼ਨ 2021 ਦੇ ਪ੍ਰਾਸਪੈਕਟ ਵਿਚ ਦਰਜ, ਉਸ ਟਰੇਡ ਲਈ ਘੱਟੋ-ਘੱਟ ਲੋੜੀਂਦੀ ਦਾਖਲਾ ਯੋਗਤਾ, ਲਾਜ਼ਮੀ ਵਿਸ਼ਿਆਂ ਸਮੇਤ, ਪੂਰੀ ਕਰਦਾ ਹੋਵੇ) ਉਸ ਨੂੰ ਸੀਟ ਅਲਾਟ ਕਰ ਦਿੱਤੀ ਜਾਵੇ ਅਤੇ ਫੀਸ ਸਬਮਿਟ ਕਰ ਲਈ ਜਾਵੇ। ਆਨ ਲਾਈਨ ਦਾਖਲਾ ਪੋਰਟਲ ਉਪਰ ਸਪਾਟ ਰਾਉਂਡ ਦੋਰਾਨ ਕੈਂਡੀਡੇਟਸ ਨੂੰ ਕੰਫਰਮ ਕਰਨ ਤੋਂ ਪਹਿਲਾਂ Registration Number, Trade, NCVT/ SCVT/ DST ਆਦਿ ਦੇ ਵੇਰਵੇ ਧਿਆਨ ਨਾਲ ਚੈਕ ਕਰ ਲਏ ਜਾਣ। ਫਾਈਨਲ ਸਬਮਿਸ਼ਨ ਕਲਿੱਕ ਕਰਨ ਉਪਰੰਤ ਕੋਈ ਤਬਦੀਲੀ ਸੰਭਵ ਨਹੀਂ ਹੋਵੇਗੀ। |
| 15. | ਹਰ ਰਾਉਂਡ ਉਪਰੰਤ ਸਵੇਰੇ 09 ਵਜੇ ਖਾਲੀ ਸੀਟਾਂ ਦਾ ਵੇਰਵਾ ਮੋਟੇ ਅੱਖਰਾਂ ਵਿਚ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਇਆ ਜਾਵੇ। |
| 16. | ਜਿੰਨ੍ਹਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੋਰਾਨ ਦਾਖਲਾ ਨਹੀਂ ਮਿਲਿਆ, ਉਹਨਾਂ ਵਲੋਂ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਅਗਲੇ ਰਾਉਂਡ ਦੀਆਂ ਮਿਤੀਆਂ ਨੂੰ ਆਪਣੀ ਮੁੜ ਕੇਵਲ Choice Filling ਭਰੀ ਜਾਵੇ। |
| 17. | ਕਿਸੇ ਉਮੀਦਵਾਰ ਨੂੰ ਕਿਸੇ ਕੌਂਸਲਿੰਗ ਦੋਰਾਨ ਦਾਖਲਾ ਮਿਲ ਜਾਂਦਾ ਹੈ ਅਤੇ ਉਹ ਫੀਸ ਜਮਾਂ ਕਰਵਾ ਦਿੰਦਾ ਹੈ, ਉਪਰੰਤ ਜੇਕਰ ਉਹ ਉਮੀਦਵਾਰ ਦੁਬਾਰਾ (ਪਹਿਲਾਂ ਮਿਲੀ ਸੀਟ ਨੂੰ ਹੋਰ better option ਅਨੁਸਾਰ ਅਪਡੇਟ ਕਰਨ ਲਈ) ਕਿਸੇ ਸੰਸਥਾ ਵਿਚ ਕਿਸੇ ਟਰੇਡ ਲਈ ਅਪਲਾਈ/ Choice Filling ਕਰਦਾ ਹੈ ਅਤੇ ਉਸ ਨੂੰ ਸੀਟ ਅਲਾਟ ਹੋ ਜਾਂਦੀ ਹੈ ਤਾਂ ਉਸ ਉਮੀਦਵਾਰ ਨੂੰ ਪਹਿਲਾਂ ਮਿਲੀ ਸੀਟ ਕੈਂਸਲ ਹੋ ਜਾਵੇਗੀ ਅਤੇ ਪਹਿਲਾਂ ਦਾਖਲੇ ਵਾਲੀ ਸੀਟ ਤੇ ਕਲੇਮ ਖਤਮ ਹੋ ਜਾਵੇਗਾ। ਇਸ ਲਈ ਜਿੰਨ੍ਹਾਂ ਉਮੀਦਵਾਰਾਂ ਨੂੰ ਉਨ੍ਹਾਂ ਦੀ ਮਨ-ਪਸੰਦ ਸੀਟ ਮਿਲ ਜਾਂਦੀ ਹੈ ਤਾਂ ਉਹ ਅਗਲੀ ਕੌਂਸਲਿੰਗ ਵਿਚ ਹਿੱਸਾ ਨਾ ਲੈਣ। |
| 18. | ਉਮੀਦਵਾਰ ਆਪਣੀ ਆਨ ਲਾਈਨ ਰਜਿਸ਼ਟਰੇਸ਼ਨ ਦੇ ਲਾਗ-ਇਨ ਆਈ.ਡੀ. ਦਾ password ਕਿਸੇ ਹੋਰ ਨਾਲ ਸ਼ੇਅਰ ਨਾ ਕਰਨ ਭਾਵ ਕਿਸੇ ਨੂੰ ਨਾ ਦੱਸਣ ਤਾਂ ਜੋ ਲਾਗ-ਇਨ ਆਈ.ਡੀ. ਦੀ ਦੁਰਵਰਤੋਂ ਨਾ ਹੋ ਸਕੇ। ਇਸ ਕਾਰਨ ਆਪਣੀ ਸਹੂਲੀਅਤ ਅਨੁਸਾਰ password ਸੁਰੱਖਿਅਤ ਰੱਖ ਲਿਆ ਜਾਵੇ। |
| 19. | ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਜਿਸ ਵਿਚ ਆਪਣੇ ਨਾਮ, ਪਿਤਾ ਦੇ ਨਾਮ ਅਤੇ ਅਤੇ ਮਾਤਾ ਦੇ ਨਾਮ ਦੇ ਸਪੈਲਿੰਗ, ਜਨਮ ਮਿਤੀ ਅਤੇ ਕੈਟਾਗਰੀ ਆਦਿ ਹੋਰ ਵੇਰਵੇ ਚੈਕ ਕਰਕੇ ਠੀਕ ਭਰੇ ਜਾਣ। ਕੈਂਡੀਡੇਟਸ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਕਰਨ ਸਮੇਂ ਇਹ ਵੇਰਵੇ ਸਹੀ ਭਰਨ ਉਪਰੰਤ, ਫਾਈਨਲ |

| | |
|---|---|
| | ਸਬਮਿਸ਼ਨ ਤੋਂ ਪਹਿਲਾਂ ਇਕ ਵਾਰ ਫਿਰ ਚੈਕ ਕਰ ਲਏ ਜਾਣ। ਡਾਕੂਮੈਂਟ ਵੈਰੀਫਾਈ ਹੋਣ ਤੱਕ ਉਮੀਦਵਾਰ ਨਿੱਜੀ ਲਾਗ-ਇਨ ਆਈ.ਡੀ. ਅਤੇ password ਦੀ ਵਰਤੋਂ ਕਰਦੇ ਹੋਏ ਆਪਣਾ ਡਾਟਾ Edit/ Update ਕਰ ਸਕਦੇ ਹਨ। ਗਲਤੀ ਹੋਣ ਤੇ ਉਮੀਦਵਾਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ। |
| 20. | ਸੀਟ ਅਲਾਟਮੈਂਟ ਤੋਂ ਬਾਦ ਰਿਪੋਰਟਿੰਗ ਸਮੇਂ ਤੇ ਜਾਂ ਦਾਖਲੇ ਤੋਂ ਬਾਦ ਵੀ ਜੇਕਰ ਕਿਸੇ ਕੈਂਡੀਡੇਟਸ ਵਲੋਂ, ਦਾਖਲੇ ਲਈ ਸਬਮਿਟ ਕੀਤੇ ਦਸਤਾਵੇਜਾਂ ਵਿਚੋਂ, ਕੋਈ ਦਸਤਾਵੇਜ ਝੂਠਾ ਜਾਂ ਗਲਤ ਪਾਇਆ ਜਾਂਦਾ ਹੈ ਤਾਂ ਪੀ.ਆਈ. ਸੰਸਥਾ ਅਤੇ ਸਬੰਧਤ ਸੰਸਥਾ ਦੇ ਡੀ.ਆਈ. ਸੰਸਥਾ ਦੇ ਮੁੱਖੀ ਨੂੰ ਉਸ ਕੈਂਡੀਡੇਟਸ ਦੀ ਸੀਟ ਕੈਂਸਲ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਕੈਂਡੀਡੇਟਸ ਵਲੋਂ ਜਮਾਂ ਕਰਵਾਈ ਫੀਸ ਜਬਤ ਹੋ ਜਾਵੇਗੀ। ਇਸ ਤਰਾਂ ਕੈਂਡੀਡੇਟ ਅਲਾਟਿਡ ਸੀਟ ਅਤੇ ਜਮਾਂ ਕਰਵਾਈ ਫੀਸ ਦਾ ਲੀਗਲੀ ਹੱਕਦਾਰ ਨਹੀਂ ਹੋਵੇਗਾ। |
| 21. | ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ, ਹਰ ਕੈਂਡੀਡੇਟਸ ਵਲੋਂ ਆਨ ਲਾਈਨ ਦਾਖਲਾ ਫਾਰਮ ਵਿਚ ਆਪਣਾ ਮੋਬਾਈਲ ਨੰਬਰ ਲਾਜ਼ਮੀ (unique) ਅਤੇ ਈ ਮੇਲ ਆਈ.ਡੀ. ਲਾਜ਼ਮੀ (unique) ਭਰਿਆ ਜਾਵੇ। ਸਿਖਿਆਰਥੀਆਂ ਨੂੰ ਸਰਟੀਫਿਕੇਟ ਦੇ ਮਿਲ ਜਾਣ ਤੱਕ ਆਨ ਲਾਈਨ ਪੋਰਟਲ ਤੇ ਮੋਬਾਈਲ ਨੰਬਰ ਅਤੇ ਈ-ਮੇਲ ਆਈ.ਡੀ. ਤਬਦੀਲ ਕਰਨ ਦੀ ਇਜਾਜਤ ਨਹੀਂ ਹੋਵੇਗੀ। ਮੋਬਾਈਲ ਨੰਬਰ ਉਪਰ ਲੋੜ ਪੈਣ ਤੇ ਸਿਖਿਆਰਥੀ ਦੀ ਵੈਰੀਫਿਕੇਸ਼ਨ ਸਮੇਂ ਓ.ਟੀ.ਪੀ. ਜਾਂ ਜਰੂਰੀ ਸੂਚਨਾ ਆਦਿ ਭੇਜੀ ਜਾਣੀ ਹੁੰਦੀ ਹੈ। ਇਸ ਲਈ ਦਾਖਲੇ ਦੋਰਾਨ ਮੋਬਾਈਲ ਨੰਬਰ ਚਾਲੂ ਹਾਲਤ ਵਿਚ ਰੱਖਿਆ ਜਾਵੇ। |
| 22. | ਦਾਖਲਾ ਪ੍ਰੀਕ੍ਰਿਆ ਅਤੇ ਕੌਂਸਲਿੰਗ ਸ਼ਡਿਊਲ ਦੇ ਸਬੰਧ ਵਿਚ ਸਮੇਂ-ਸਮੇਂ ਤੇ ਹੋਰ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਵੈਬਸਾਈਟ www.itipunjab.nic.in ਤੇ ਅਪਡੇਟ ਕੀਤੀ ਜਾਵੇਗੀ। ਇਸ ਲਈ ਕੈਂਡੀਡੇਟਸ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਲਈ ਇਹ ਵੈਬਸਾਈਟ ਨਿਯਮਿਤ ਤੌਰ ਤੇ ਚੈਕ ਕਰਦੇ ਰਹਿਣ। |
| 23. | ਜੇਕਰ ਉਮੀਦਵਾਰ ਦਾਖਲੇ ਲਈ ਅੰਤਿਮ ਮਿਤੀਆਂ ਨੂੰ (ਵੈਬਸਾਈਟ ਤੇ ਲੋਡ ਵੱਧ ਹੋ ਜਾਣ ਕਾਰਨ) ਰਜਿਸ਼ਟਰੇਸ਼ਨ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਸ ਵਿਚ ਵਿਭਾਗ ਦੀ ਜਿੰਮੇਵਾਰੀ ਨਹੀਂ ਹੋਵੇਗੀ। ਆਨ ਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਮੁਕੰਮਲ ਹਦਾਇਤਾਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ। |
| 24. | ਰਾਜ ਸਰਕਾਰ/ ਵਿਭਾਗ ਵਲੋਂ ਜਾਰੀ ਹਦਾਇਤਾਂ, ਪ੍ਰਾਸਪੈਕਟਸ, ਯੂਜਰ ਮੈਨੂਅਲ, ਦਾਖਲਾ ਨੋਟਿਸ ਅਤੇ ਹੋਰ ਜਾਣਕਾਰੀ ਆਦਿ ਵੈਬਸਾਈਟ www.itipunjab.nic.in ਤੇ ਉਪਲਬੱਧ ਹੈ। |